Halton REGION

# ਤੁਹਾਨੂੰ COVID-19 ਟੀਕੇ ਬਾਰੇ ਕੀ ਜਾਣਨਾ ਚਾਹੀਦਾ ਹੈ

## COVID-19 ਟੀਕਾ ਕੀ ਹੈ?

- COVID-19 ਤੋਂ ਹੋਣ ਵਾਲੇ ਵਾਇਰਸ ਕਰਕੇ ਬਿਮਾਰ ਪੈਣ 'ਤੇ COVID-19 ਦਾ ਟੀਕਾ ਹੀ ਤੁਹਾਡੀ ਰੱਖਿਆ ਕਰਦਾ ਹੈ। ਇਹ ਜ਼ਰੂਰੀ ਹੈ, ਕਿਉਂਕਿ COVID-19 ਕਰਕੇ ਗੰਭੀਰ ਬਿਮਾਰੀ ਜਾਂ ਮੌਤ ਹੋ ਸਕਦੀ ਹੈ।
- ਟੀਕੇ ਵਿੱਚ ਜਿਉਂਦਾ ਵਾਇਰਸ ਨਹੀਂ ਹੁੰਦਾ। ਤੁਹਾਨੂੰ ਟੀਕੇ ਤੋਂ COVID-19 ਨਹੀਂ ਹੋ ਸਕਦਾ।






## COVID-19 ਦਾ ਟੀਕਾ ਲਗਵਾਉਣ ਨਾਲ ਤੁਹਾਡੀ ਰੱਖਿਆ ਹੋ ਸਕਦੀ ਹੈ ਅਤੇ ਇਹ ਭਾਈਚਾਰਕ ਪ੍ਰਤਿਰੱਖਿਆ ਬਣਾਉਂਦਾ ਹੈ।

## ਟੀਕਾ ਕਿਵੇਂ ਕੰਮ ਕਰਦਾ ਹੈ?

**1**

ਟੀਕੇ ਲਾਉਣ ਵਿੱਚ ਸਿਖਲਾਈ ਪ੍ਰਾਪਤ ਸਿਹਤ-ਸੰਭਾਲ ਪੇਸ਼ੇਵਰ ਤੁਹਾਡੀ ਬਾਂਹ ਦੇ ਪੱਠੇ ਵਿੱਚ ਟੀਕਾ ਲਾਉਂਦਾ ਹੈ।



**2**

ਟੀਕਾ COVID-19 ਵਾਇਰਸ ਦਾ ਮੁਕਾਬਲਾ ਕਰਨ ਵਾਲਾ ਐਂਟੀਬਾਡੀ ਬਣਾਉਣ ਲਈ ਤੁਹਾਡੇ ਸਰੀਰ ਦੀ ਪਰਤਿਰੱਖਿਆ ਨੂੰ ਉਤੇਜਿਤ ਕਰਦਾ ਹੈ।




**3**

ਜੇ ਤੁਸੀਂ ਭਵਿੱਖ ਵਿੱਚ COVID-19 ਵਾਇਰਸ ਦੇ ਸੰਪਰਕ ਵਿੱਚ ਆਉਂਦੇ ਹੋ, ਤਾਂ ਤੁਹਾਡੀ ਪ੍ਰਤਿਰੱਖਿਆ ਪ੍ਰਣਾਲੀ ਤੁਹਾਡੇ ਬਿਮਾਰ ਪੈਣ ਲਈ ਜ਼ਿੰਮੇਵਾਰ ਕਾਰਨਾਂ ਨੂੰ ਘਟਾਉਣ ਲਈ ਵਾਇਰਸ ਦਾ ਮੁਕਾਬਲਾ ਕਰਨ ਵਾਸਤੇ ਤਿਆਰ ਰਹੇਗੀ ਜਾਂ ਵਾਇਰਸ ਦੇ ਅਸਰਾਂ ਨੂੰ ਘਟਾਏਗੀ।



## ਕੈਨੇਡਾ ਵਿੱਚ COVID-19 ਟੀਕੇ ਨੂੰ ਮਨਜ਼ੂਰੀ ਕਿਵੇਂ ਮਿਲੀ ਸੀ?

- ਹੈਲਥ ਕੈਨੇਡਾ ਨੇ ਹੁਣ ਤੱਕ ਕੈਨੇਡਾ ਵਿੱਚ ਇਸਤੇਮਾਲ ਕਰਨ ਲਈ COVID-19 ਦੇ ਚਾਰ ਟੀਕਿਆਂ **Pfizer-BioNTech ਟੀਕੇ**, **Moderna ਟੀਕੇ**, **AstraZeneca ਟੀਕੇ** ਅਤੇ **Janssen ਟੀਕੇ** ਨੂੰ ਮੰਜ਼ੂਰੀ ਦਿੱਤੀ ਹੈ।
- ਕਲਿਨਿਕਲ ਪਰਖਾਂ ਵਿੱਚ ਲੱਖਾਂ ਲੋਕਾਂ 'ਤੇ ਇਹਨਾਂ ਟੀਕਿਆਂ ਦੀ ਸੁਰੱਖਿਆ ਅਤੇ ਪ੍ਰਭਾਵਕਤਾ ਦਾ ਟੈਸਟ ਕੀਤਾ ਗਿਆ ਹੈ।
- COVID-19 ਟੀਕੇ ਵਿੱਚ ਇਸਤੇਮਾਲ ਕੀਤੀ ਗਈ mRNA ਟੀਕੇ ਸਬੰਧੀ ਤਕਨਾਲੌਜੀ ਹੈ, ਜੋ ਕਿ ਨਵੀਂ ਨਹੀਂ ਹੈ ਅਤੇ ਇਸ ਨੂੰ ਕਈ ਸਾਲਾਂ ਤੋਂ ਖੋਜ ਪਰਖਾਂ ਵਿੱਚ ਵਰਤਿਆ ਜਾ ਰਿਹਾ ਹੈ।
- AstraZeneca ਅਤੇ Janssen COVID-19 ਟੀਕੇ ਦੀ ਵਰਤੋਂ ਕੀਤੀ ਗਈ ਵਾਇਰਲ ਵੈਕਟਰ ਤਕਨਾਲੋਜੀ ਨੂੰ ਦਸ ਤੋਂ ਵੱਧ ਸਾਲਾਂ ਤੋਂ ਟੀਕੇ ਦੇ ਵਿਕਾਸ ਵਿੱਚ ਵਰਤਿਆ ਜਾ ਰਿਹਾ ਹੈ।
- COVID-19 ਦੇ ਟੀਕਿਆਂ ਨੂੰ ਫੌਰੀ ਮੰਜ਼ੂਰੀ ਦਿੱਤੀ ਗਈ ਸੀ, ਕਿਉਂਕਿ:

**ਫੰਡ ਵਿੱਚ ਵਾਧਾ ਕੀਤਾ ਗਿਆ ਹੈ**

**ਵਿਗਿਆਨੀਆਂ, ਸਰਕਾਰਾਂ ਅਤੇ ਸਨਅੱਤ ਵਿਚਕਾਰ ਅੰਤਰਰਾਸ਼ਟਰੀ ਮਿਲਵਰਤਨ ਹੋਇਆ ਹੈ**

**ਸਾਇੰਸ ਅਤੇ ਤਕਨਾਲੌਜੀ ਵਿੱਚ ਪ੍ਰਗਤੀ**

**ਹੈਲਥ ਕੈਨੇਡਾ ਨੇ COVID-19 ਟੀਕੇ ਨੂੰ ਮੰਜ਼ੂਰੀ ਦਿੱਤੀ ਸੀ, ਕਿਉਂਕਿ ਸਬੂਤਾਂ ਤੋਂ ਪਤਾ ਚੱਲਿਆ ਹੈ ਕਿ ਉਹ ਸੁਰੱਖਿਅਤ, ਅਸਰਦਾਰ ਅਤੇ ਚੰਗੀ ਕੁਆਲਿਟੀ ਦਾ ਹੈ।**

## ਟੀਕਾ ਲੁਆਉਣ ਤੋਂ ਬਾਅਦ ਉਮੀਦ ਕੀਤੇ ਜਾਂਦੇ ਆਮ ਮਾੜੇ-ਅਸਰ ਕਿਹੜੇ ਹਨ?

ਤੁਹਾਡੇ COVID-19 ਦਾ ਟੀਕਾ ਲੱਗਣ ਤੋਂ ਬਾਅਦ ਕੁਝ ਮਾਮੂਲੀ ਮਾੜੇ-ਅਸਰ ਆਮ ਹਨ, ਜਿਵੇਂ ਟੀਕਾ ਲੱਗਣ ਵਾਲੀ ਥਾਂ 'ਤੇ ਪੀੜ, ਪੁੱਠੇ ਵਿੱਚ ਪੀੜ ਜਾਂ ਸਿਰ-ਪੀੜ। ਦੂਜੀ ਖੁਰਾਕ ਤੋਂ ਬਾਅਦ ਇਹ ਮਾੜੇ-ਅਸਰ ਬਹੁਤਾ ਕਰਕੇ ਆਮ ਹੁੰਦੇ ਹਨ ਅਤੇ ਆਮ ਸੰਕੇਤ ਹਨ, ਜਿਸ ਤੋਂ ਤੁਹਾਡਾ ਸ਼ਰੀਰ ਰਾਖੀ ਕਰਦਾ ਹੈ। ਟੀਕਾ ਲੁਆਉਣ ਤੋਂ ਬਾਅਦ ਗੰਭੀਰ ਮਾੜੇ-ਅਸਰ ਦੁਰਲੱਭ ਹਨ।

## COVID-19 ਟੀਕੇ ਪ੍ਰਭਾਵੀ ਹਨ



ਕਨੈਡਾ ਵਿੱਚ ਵਰਤਣ ਲਈ ਮਨਜ਼ੂਰ ਸਾਰੇ COVID-19 ਟੀਕੇ ਗੰਭੀਰ COVID-19 ਬਿਮਾਰੀ, ਹਸਪਤਾਲ ਵਿੱਚ ਦਾਖਲ ਹੋਣ ਅਤੇ ਮੌਤ ਨੂੰ ਰੋਕਣ ਲਈ ਪ੍ਰਭਾਵੀ ਹਨ।



ਜੇ ਤੁਸੀਂ ਕਿਸੇ ਮੂਲ ਸਿਹਤ ਸਮੱਸਿਆਵਾਂ ਜਾਂ ਜਿਹੜੀਆਂ ਦਵਾਈਆਂ ਤੁਸੀਂ ਇਸ ਸਮੇਂ ਲੈ ਰਹੇ ਹੋ, ਕਰਕੇ ਟੀਕਾ ਲੁਆਉਣ ਬਾਰੇ ਫਿਕਰਮੰਦ ਹੋ, ਤਾਂ **COVID-19 ਟੀਕਾ ਲੁਆਉਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਗੱਲ ਕਰੋ।**

**COVID-19 ਬਾਰੇ ਹੋਰ ਜਾਣਕਾਰੀ ਲਈ** halton.ca/COVIDvaccines 'ਤੇ ਜਾਓ ਜਾਂ 311 'ਤੇ ਕਾਲ ਕਰੋ।

ਸੇਂਟ ਮਾਈਕਲ ਦੀ ਯੂਨਿਟੀ ਹੈਲਥ ਟੋਰਾਂਟੋ ਦੀ ਆਗਿਆ ਨਾਲ ਅਨੁਕੂਲ ਬਣਾਈ ਗਈ ਹੈ
ਇਹ ਜਾਣਕਾਰੀ **8 ਮਾਰਚ 2021** ਅਨੁਸਾਰ ਹੈ।